## ਪੜ੍ਹਾਈ ਦੇ ਗੁਰ

### ਜੋ ਤੁਸੀਂ ਪੜ੍ਹ ਰਹੇ ਹੋ, ਉਸਨੂੰ ਚੰਗੀ ਤਰਾਂ ਸਮਝਣ ਲਈ ਕੁਝ ਗੁਰ ਅਤੇ ਵਿਚਾਰ ।

### ਪੜ੍ਹਣ ਤੋਂ ਪਹਿਲਾਂ

ਵਿਸ਼ੇ ਬਾਰੇ ਤੁਸੀਂ ਜੋ ਵੀ ਪਹਿਲਾਂ ਜਾਣਦੇ ਹੋ, ਉਹ ਸੋਚੋ ਅਤੇ ਲਿਖੋ।

ਅਧਿਆਏ (ਚੈਪਟਰ) ਵਿਚ ਜੋ ਵੀ ਸਿਰਲੇਖ, ਉਪ ਸਿਰਲੇਖ ਅਤੇ ਸੁਰਖੀਆਂ ਹਨ ਉਹਨਾਂ ਨੂੰ ਪੜ੍ਹੋ।

ਪੂਰੇ ਅਧਿਆਏ ਵਿਚ ਸਾਰੀਆਂ ਤਸਵੀਰਾਂ, ਗ੍ਰਾਫ, ਤਸਵੀਰਾਂ ਦੀ ਸਿਖਿਆ ਵੇਖੋ।

ਪੜ੍ਹਣ ਦੇ ਸਮੇ ਉਹਨਾਂ ਸਵਾਲਾਂ ਬਾਰੇ ਸੋਚੋ ਜਿਹਨਾਂ ਦੇ ਜਵਾਬ ਤੁਸੀਂ ਜਾਨਣਾ ਚਾਹੋਗੇ।

### ਪੜ੍ਹਣ ਦੇ ਦੌਰਾਨ

ਨੋਟ ਬਣਾਓ, ਸਿਰਲੇਖਾਂ ਨੂੰ ਕਾਪੀ ਕਰੋ ਅਤੇ ਹਰ ਮੁੱਢਲੇ ਪਰਸੰਗ ਵਿਚ ਇਕ ਇਕ ਮੁੱਖ ਭਾਵ ਦੀ ਸੂਚੀ ਬਣਾਓ।

ਜਿਹਨਾਂ ਸ਼ਬਦਾਂ ਨੂੰ ਤੁਸੀਂ ਨਹੀਂ ਜਾਣਦੇ ਉਹਨਾਂ ਦੇ ਮਤਲਬ ਦਾ ਉਹਨਾਂ ਨੂੰ ਇਸਤਮਾਲ ਕਰਕੇ ਅੰਦਾਜ਼ਾ ਲਗਾਓ। ਉਸਤੋਂ ਬਾਦ ਅਰਥਾਵਲੀ ਜਾਂ ਸ਼ਬਦ ਕੋਸ਼ ਵੇਖ ਕੇ ਅਰਥਾਂ ਦੀ ਪੁਸ਼ਟੀ ਕਰੋ।

ਮੁੱਖ ਵਿਚਾਰਾਂ ਨੂੰ ਚੰਗੇ ਤਰੀਕੇ ਨਾਲ ਸਮਝਣ ਲਈ ਉਸ ਚੈਪਟਰ ਦੇ ਚਿਤ੍ਰਿਤ ਖਾਕੇ ਵੇਖੋ।

ਪੱਕਾ ਕਰੋ ਕਿ ਜੋ ਤੁਹਾਡੇ ਸਵਾਲ ਹਨ ਉਹਨਾਂ ਦਾ ਜਵਾਬ ਮਿਲ ਰਿਹਾ ਹੈ। ਫਿਰ ਪੜ੍ਹਦੇ ਹੋਏ ਆਪਣੇ ਆਪ ਨੂੰ ਨਵੇਂ ਸਵਾਲ ਪੁੱਛੋ।

ਜੇ ਤੁਹਾਨੂੰ ਸਮਝਣ ਵਿਚ ਮਦਦ ਮਿਲ ਰਹੀ ਹੈ ਤੇ ਆਪਣੇ ਦਿਮਾਗ ਵਿਚ ਜਾਣਕਾਰੀ ਦਾ ਚਿੱਤਰ ਬਣਾਓ ।

ਜਾਣਕਾਰੀ ਨੂੰ ਛਾਂਟਣ ਅਤੇ ਵਿਵਸਥਤ ਕਰਨ ਲਈ ਨੇਤਰੀ ਖਾਕਾ ਖਿੱਚੋ । ਉਦਾਹਰਨ ਲਈ, ਜੇ ਚੈਪਟਰ ਜਾਣਕਾਰੀ ਨੂੰ ਤਿੰਨ ਵੱਖ-ਵੱਖ ਸ਼ਰੇਣੀਆਂ ਵਿਚ ਵੰਡ ਰਿਹਾ ਹੈ ਤੇ ਇਕ ਤਿੰਨ ਕਾਲਮ ਬਣਾਓ ਜਿਸਦੇ ਵਿਚ ਪੁਸਤਕ ਦੇ ਉਦਾਹਰਨ ਲਿਖੋ। ਫਿਰ ਕੁਝ ਆਪਣੇ ਉਦਾਹਰਨ ਵੀ ਸ਼ਾਮਿਲ ਕਰੋ ।

ਆਪਣੇ ਨੋਟਾਂ ਦੇ ਗੁੰਝ਼ਲਦਾਰ ਹਿੱਸਿਆਂ ਤੇ ਨਿਸ਼ਾਨ ਲਗਾਓ । ਅਜਿਹੇ ਨੁਕਤਿਆਂ ਨੂੰ ਸਮਝਣ ਲਈ ਅਧਿਆਪਕ ਦੀ ਮਦਦ ਲਵੋ।

### ਪੜ੍ਹਣ ਤੋਂ ਬਾਦ

ਮੁੱਖ ਨੁਕਤਿਆਂ ਅਤੇ ਵੇਰੇਵਿਆਂ ਬਾਰੇ ਸੋਚੋ।
ਜੋ ਸਮਗਰੀ ਤੁਸੀਂ ਪੜ੍ਹੀ ਹੈ, ਓਸਦੀ ਤੁਲਨਾ ਨੋਟਾਂ ਅਤੇ ਕਲਾਸ ਦੇ ਵਿਚਾਰ ਵਟਾਂਦਰੇ ਨਾਲ ਕਰੋ। ਜੇ ਤੁਹਾਨੂੰ ਕੋਈ ਫਰਕ ਨਜ਼ਰ ਆਓਂਦਾ ਹੈ ਤਾਂ ਆਪਣੇ ਅਧਿਆਪਕ ਨਾਲ ਗੱਲ ਬਾਤ ਕਰੋ।

ਵਿਚਾਰਾਂ, ਮੱਤਾਂ ਅਤੇ ਸਵਾਲਾਂ ਦੀ ਸੂਚੀ ਬਣਾਓ । ਇਹ ਤੁਹਾਡੀ ਅਗਲੀ ਕਲਾਸ ਦੇ ਵਿਚਾਰ ਵਟਾਂਦਰੇ, ਪਰੀਖਿਆ ਜਾਂ ਲੇਖ ਲਿਖਣ ਵਿਚ ਕੰਮ ਆ ਸਕਦੇ ਹਨ।



**"Study Tips"**

"ਪੜ੍ਹਾਈ ਦੇ ਗੁਰ"

ਇਹ ਬਰੋਸ਼ਰ ਵੈਨਕੂਵਰ ਸਕੂਲ ਬੋਰਡ ਦੇ ਸੈੱਟਲਮੈਂਟ ਵਰਕਰਾਂ ਵੱਲੋਂ ਸਪੌਂਸਰ ਕੀਤੇ ਗਏ ਕਈ ਬਰੋਸ਼ਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਰਚਨਾ ਕੁੱਝ ਈ ਐਸ ਐਲ ਅਧਿਆਪਕਾਂ ਅਤੇ ਵੈਨਕੂਵਰ ਸਕੂਲ ਬੋਰਡ ਦੇ ਮਲਟੀਕਲਚਰਲ ਲੀਏਜ਼ੌਨ ਵਰਕਰਾਂ ਨੇ ਮਿਲ ਕੇ ਕੀਤੀ ਹੈ ।

BRITISH COLUMBIA The Best Place on Earth | WelcomeBC

Canada

VSB

ਅਸੀਂ 'ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕਿਟ ਡਿਵੈਲਪਮੈਂਟ' ਅਤੇ 'ਸਿਟਿਜ਼ਨਸ਼ਿਪ ਐਂਡ ਇਮਿਗ੍ਰੇਸ਼ਨ ਕੈਨੇਡਾ' ਵੱਲੋਂ ਮਿਲੀ ਵਿੱਤੀ ਮਦਦ ਲਈ ਧੰਨਵਾਦੀ ਹਾਂ ।

# ਪੜ੍ਹਾਈ ਦੇ ਗੁਰ



## ਵਧੇਰੇ ਸਫਲ ਵਿਦਿਆਰਥੀ ਬਨਣ ਲਈ ਲਾਭਦਾਇਕ ਵਿਚਾਰ

# ਪੜ੍ਹਾਈ ਦੇ ਗੁਰ



## ਜਿਸ ਤਰੀਕੇ ਨਾਲ ਤੁਸੀਂ ਜਾਣੂ ਹੋ, ਬੀ ਸੀ ਵਿਚ ਪੜ੍ਹਾਈ ਦੇ ਤਰੀਕੇ ਉਸ ਤੋਂ ਅਲਗ ਹੋ ਸਕਦੇ ਹਨ।

ਤੱਥ ਯਾਦ ਕਰ ਲੈਣਾ ਸਫਲ ਵਿਦਿਆਰਥੀ ਹੋਣ ਦਾ ਸਿਰਫ ਇਕ ਪਹਿਲੂ ਹੈ।

ਵਿਦਿਆਰਥੀ ਦੀ ਸੁਤੰਤਰ ਸੋਚ ਵਿਚਾਰ ਤੇ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ।

ਵਿਦਿਆਰਥੀ ਆਪਣੇ ਸੁਤੰਤਰ ਸੋਚ ਵਿਚਾਰ ਨੂੰ ਵਿਚਾਰ ਵਟਾਂਦਰੇ ਦੌਰਾਨ ਪ੍ਰਸ਼ਨ ਪੁੱਛ ਕੇ ਪਰਗਟ ਕਰ ਸਕਦੇ ਹਨ।

ਕਲਾਸ ਵਿਚ ਵਿਚਾਰ ਵਟਾਂਦਰਾ ਸਿੱਖਿਆ ਪ੍ਰਾਪਤ ਕਰਨ ਦਾ ਇਕ ਜਰੂਰੀ ਹਿੱਸਾ ਹੈ ਅਤੇ ਇਸ ਤਰੀਕੇ ਅਧਿਆਪਕ ਵਿਦਿਆਰਥੀਆਂ ਦੀ ਤਰੱਕੀ ਬਾਰੇ ਵੀ ਜਾਣ ਲੈਂਦੇ ਹਨ।

### *ਕਲਾਸ ਦਾ ਸਮਾਂ ਚੰਗੇ ਤਰੀਕੇ ਨਾਲ ਇਸਤੇਮਾਲ ਕਰਨਾ*

ਸਮਾਂ ਬੱਧ ਹੋ ਕੇ, ਪੂਰਾ ਅਰਾਮ ਕਰਕੇ ਅਤੇ ਸਿੱਖਣ ਲਈ ਤਿਆਰ ਹੋ ਕੇ ਹਰ ਕਲਾਸ ਵਿਚ ਆਵੋ।

ਅਧਿਆਪਕ ਨੂੰ ਬੇਨਤੀ ਕਰੋ ਕਿ ਉਹ ਨੋਟ ਬੋਰਡ ਤੇ ਲਿਖਣ ਤਾਂ ਕਿ ਤੁਸੀਂ ਜਾਣਕਾਰੀ ਸੁਣ ਕੇ ਅਤੇ ਨਾਲ ਹੀ ਨਾਲ ਵੇਖ ਕੇ ਵੀ ਪ੍ਰਾਪਤ ਕਰ ਸਕੋ।

ਪਰੀਖਿਆ ਵਾਸਤੇ ਪੜ੍ਹਾਈ ਕਰਨ ਲਈ ਨੋਟ ਲਿਖੋ ਅਤੇ ਉਹਨਾਂ ਦਾ ਬਕਾਇਦਾ ਦੁਹਰਾਓ ਕਰੋ।

ਜਦੋਂ ਤੁਹਾਨੂੰ ਪੱਕੀ ਤਰਾਂ ਸਮਝ ਨਹੀਂ ਆ ਰਹੀ ਤਾਂ ਤੁਸੀਂ ਪ੍ਰਸ਼ਨ ਪੁੱਛੋ। ਇਸ ਨਾਲ ਸਾਰੇ ਵਿਦਿਆਰਥੀਆਂ ਨੂੰ ਸਹਾਇਤਾ ਮਿਲੇਗੀ।

ਧਿਆਨ ਨਾਲ ਸੁਣੋ- ਕਈ ਅਧਿਆਪਕ ਸਹੀ ਸਹੀ ਨਹੀਂ ਦੱਸਦੇ ਕਿ ਕੀ ਪੜ੍ਹਨਾ ਹੈ, ਉਹ ਅਕਸਰ ਮੁੱਢਲੇ ਵਿਚਾਰਾਂ ਅਤੇ ਮੁੱਖ ਨੁਕਤਿਆਂ ਤੇ ਜ਼ਿਆਦਾ ਸਮਾਂ ਲਾਉਂਦੇ ਹਨ।



### ਸਫਲ ਵਿਦਿਆਰਥੀਆਂ ਕੋਲ ਹਰ ਰੋਜ਼ ਚੰਗੇ ਕੰਮ ਕਰਨ ਦੀਆਂ ਆਦਤਾਂ ਹੁੰਦੀਆਂ ਹਨ।

ਉਹ:

- ਆਪਣੀ ਸਿੱਖਿਆ ਦੀ ਜ਼ਿੰਮੇਵਾਰੀ ਆਪ ਹੀ ਚੁੱਕਦੇ ਹਨ।

- ਆਪਣੀ ਰੋਜ਼ਾਨਾ ਵਹੀ (ਏਜੇਂਡਾ) ਵਿਚ ਸੌਂਪੇ ਹੋਏ ਕੰਮ (ਅਸਾਈਨਮੇਂਟ) ਦੀਆਂ ਤਾਰੀਖਾਂ, ਪਰੀਖਿਆ ਦੀਆਂ ਤਾਰੀਖਾਂ ਅਤੇ ਆਪਣੀ ਪੜ੍ਹਾਈ ਦੇ ਟੀਚੇ ਦਰਜ ਕਰਦੇ ਹਨ।

- ਜੇ ਉਹਨਾਂ ਨੇ ਕੋਈ ਗਲਤੀ ਕੀਤੀ ਹੈ ਤੇ ਉਸਦਾ ਕਾਰਣ ਪਤਾ ਕਰਦੇ ਹਨ ਤਾਂ ਕਿ ਉਹ ਗਲਤੀ ਦੁਬਾਰਾ ਨਾਂ ਕਰਨ।

- ਆਪਣੀਆਂ ਤਾਕਤਾਂ ਅਤੇ ਕਮਜੋਰੀਆਂ ਨੂੰ ਜਾਣਦੇ ਹਨ ਅਤੇ ਆਪਣੇ ਆਪ ਨੂੰ ਸੁਧਾਰਨ ਲਈ ਸਾਰੇ ਖੇਤਰਾਂ ਵਿਚ ਕੰਮ ਕਰਦੇ ਹਨ।

- ਉਹ ਅਧਿਆਪਕ ਨਾਲ ਕੰਮ ਵਾਪਸ ਕਰਨ ਦੀ ਮਿਥੀ ਤਾਰੀਖ ਤੇ ਪਹਿਲਾਂ ਗੱਲ ਬਾਤ ਕਰਦੇ ਹਨ ਜੇਕਰ ਉਹਨਾਂ ਨੂੰ ਅੰਦੇਸ਼ਾ ਹੁੰਦਾ ਹੈ ਕਿ ਉਹ ਸਮੇਂ ਤੇ ਕੰਮ ਪੂਰਾ ਨਹੀਂ ਕਰ ਸਕਣਗੇ।

- ਜੇ ਪੜ੍ਹਾਈ ਜਾਂ ਕੰਮ ਨੂੰ ਨਹੀਂ ਸਮਝ ਰਹੇ ਤੇ ਉਹ ਮਦਦ ਲੈਂਦੇ ਹਨ।

- ਜੇ ਕੋਈ ਕਲਾਸ ਛੁੱਟ ਗਈ ਹੈ ਤੇ ਕਿਸੇ ਮਿੱਤਰ ਤੋਂ ਨੋਟ ਅਤੇ ਅਧਿਆਪਕ ਤੋਂ ਲਿਖਤੀ ਜਾਣਕਾਰੀ ਲੈ ਲੈਂਦੇ ਹਨ।

- ਸਾਰੇ ਸਿੱਖਿਆ ਕਾਲ ਵਿਚ ਪੜ੍ਹਾਈ ਦੀਆਂ ਕਿਤਾਬਾਂ, ਕਲਾਸ ਦੇ ਕੰਮਾਂ ਅਤੇ ਅਸਾਈਨਮੇਂਟਾਂ ਦਾ ਬਕਾਇਦਾ ਦੁਹਰਾਓ ਕਰਦੇ ਰਹਿੰਦੇ ਹਨ।



### ਟੈਸਟ ਅਤੇ ਪਰੀਖਿਆ ਦੀ ਤਿਆਰੀ ਕਰਦੇ ਸਮੇਂ ਕੁਝ ਨਸੀਹਤਾ : ਕਰਨ ਵਾਲੇ ਅਤੇ ਨਾਂ ਕਰਨ ਵਾਲੇ ਨੁਸਖੇ।

**ਕਰੋ:** ਪੜ੍ਹਾਈ ਲਈ ਕਿੰਨਾਂ ਸਮਾਂ ਚਾਹੀਦਾ ਹੈ ਉਸਦੇ ਬਾਰੇ ਹਮੇਸ਼ਾ ਸਹੀ ਅੰਦਾਜ਼ਾ ਲਗਾਓ।
**ਨਾਂ ਕਰੋ:** ਇੱਕੋ ਵਾਰੀ ਸਾਰਾ ਕੁਝ ਸਿੱਖਣ ਲਈ ਪੂਰੀ ਪੂਰੀ ਰਾਤ ਨਾਂ ਜਾਗੋ। ਇਹ ਸਿੱਧ ਕੀਤਾ ਗਿਆ ਹੈ ਕਿ ਨੀਂਦ ਦੀ ਘਾਟ ਹਰ ਚੀਜ਼ ਨੂੰ ਯਾਦ ਕਰਨਾ ਔਖਾ ਕਰ ਦਿੰਦੀ ਹੈ।
**ਕਰੋ:** ਧਿਆਨ ਕੇਂਦਰਤ ਕਰਨ ਲਈ ਕਿਸੀ ਖਾਮੋਸ਼ ਥਾਂ ਤੇ ਪੜ੍ਹਾਈ ਕਰੋ।
**ਨਾਂ ਕਰੋ:** ਦਹਿਸ਼ਤ ਵਿਚ ਪੈਣਾ ਜਾਂ ਰੁੱਝ ਜਾਣਾ ਅਤੇ ਫਿਕਰ ਕਰਨਾ ਸ਼ੁਰੂ ਕਰ ਦੇਣਾ। ਇਹ ਤੁਹਾਡਾ ਧਿਆਨ ਪੜ੍ਹਾਈ ਤੋਂ ਦੂਰ ਖਿੱਚ ਲਏਗਾ।
**ਕਰੋ:** ਜੋ ਮਿੱਤਰ ਸਫਲ ਹੋਣਾ ਚਾਹੁੰਦੇ ਹਨ, ਉਹਨਾਂ ਨਾਲ ਮਿਲ ਕੇ ਪੜ੍ਹਾਈ ਕਰੋ। ਵਾਰੀ ਵਾਰੀ ਤੇ ਇਕ ਦੂਜੇ ਤੋਂ ਪੜ੍ਹਾਈ ਸੱਮਗਰੀ ਦੇ ਬਾਰੇ ਸਵਾਲ ਪੁੱਛੋ।
**ਨਾਂ ਕਰੋ:** ਇਕੋ ਵਾਰ ਸਾਰੀ ਸੱਮਗਰੀ ਪੜ੍ਹ ਕੇ ਇਹ ਨਾਂ ਸੋਚੋ ਕਿ ਤੁਹਾਡੀ ਤਿਆਰੀ ਪੂਰੀ ਹੋ ਗਈ ਹੈ। ਸਭ ਕੁਝ ਸਮਝਣ ਲਈ ਅਤੇ ਮੁੱਖ ਨੁਕਤੇ ਯਾਦ ਕਰਨ ਲਈ ਅਕਸਰ ਕਈ ਵਾਰ ਸੱਮਗਰੀ ਨੂੰ ਪੜ੍ਹਨਾ ਪੈਂਦਾ ਹੈ।